# Telephonic conversation between Prime Minister and Prime Minister of Ethiopia

May 06, 2020

……………………………………………………………………………………………

# ਪ੍ਰਧਾਨ ਮੰਤਰੀ ਅਤੇ ਈਥੋਪੀਆ ਦੇ ਪ੍ਰਧਾਨ ਮੰਤਰੀ ਦਰਮਿਆਨ ਹੋਈ ਟੈਲੀਫ਼ੋਨ 'ਤੇ ਗੱਲਬਾਤ

6 ਮਈ, 2020

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ ਅੱਜ ਈਥੋਪੀਆਈ ਸੰਘੀ ਲੋਕਤੰਤਰੀ ਗਣਰਾਜ ਦੇ ਪ੍ਰਧਾਨ ਮੰਤਰੀ ਮਹਾਮਹਿਮ ਡਾ. ਅਬੀ ਅਹਮਦ ਅਲੀ ਨਾਲ ਫੋਨ ਤੇ ਗੱਲਬਾਤ ਕੀਤੀ।

ਪ੍ਰਧਾਨ ਮੰਤਰੀ ਨੇ ਭਾਰਤ ਅਤੇ ਈਥੋਪੀਆ ਦੇ ਨੇੜਲੇ ਸਬੰਧਾਂ ਅਤੇ ਦੋਵਾਂ ਦੇਸ਼ਾਂ ਦੀ ਵਿਕਾਸ ਸੰਬੰਧੀ ਸ਼ਾਨਦਾਰ ਭਾਈਵਾਲੀ ਨੂੰ ਯਾਦ ਕੀਤਾ।

ਦੋਨਾਂ ਆਗੂਆਂ ਨੇ COVID -19 ਮਹਾਂਮਾਰੀ ਤੋਂ ਪੈਦਾ ਹੋਈਆਂ ਘਰੇਲੂ, ਖੇਤਰੀ ਅਤੇ ਕੌਮਾਂਤਰੀ ਚੁਣੌਤੀਆਂ ਬਾਰੇ ਗੱਲਬਾਤ ਕੀਤੀ ਅਤੇ ਇਸ ਸਿਹਤ ਸੰਬੰਧੀ ਸੰਕਟ ਦੌਰਾਨ ਇੱਕ ਦੂਜੇ ਨਾਲ ਇੱਕਜੁਟਤਾ ਦਾ ਪ੍ਰਗਟਾਵਾ ਕੀਤਾ।

ਪ੍ਰਧਾਨ ਮੰਤਰੀ ਨੇ ਡਾ. ਅਬੀ ਅਹਿਮਦ ਅਲੀ ਨੂੰ ਭਾਰਤ ਵੱਲੋਂ ਇਥੋਪੀਆ ਨੂੰ ਲੋੜੀਂਦੀਆਂ ਦਵਾਈਆਂ ਦੀ ਸਪਲਾਈ ਯਕੀਨੀ ਬਣਾਉਣ ਅਤੇ ਮਹਾਂਮਾਰੀ ਦੇ ਮੰਦੇ ਆਰਥਿਕ ਅਸਰ ਨੂੰ ਘਟਾਉਣ ਵਿੱਚ ਮਦਦ ਦੇਣ ਦਾ ਭਰੋਸਾ ਦਿੱਤਾ।

ਪ੍ਰਧਾਨ ਮੰਤਰੀ ਨੇ ਭਾਰਤੀ ਲੋਕਾਂ ਅਤੇ ਆਪਣੇ ਵੱਲੋਂ ਈਥੋਪੀਆਈ ਲੋਕਾਂ ਨੂੰ COVID -19 ਵਿਰੁੱਧ ਉਨ੍ਹਾਂ ਦੀ ਜੰਗ ਵਿੱਚ ਸਫਲਤਾ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ।

ਨਵੀਂ ਦਿੱਲੀ
6 ਮਈ, 2020

DISCLAIMER: This is an approximate translation. The original is available in English on MEA's website and may be referred to as the official press release.